EDI

HUMAN EARLY LEARNING PARTNERSHIP

a place of mind UBC

**Human Early Learning Partnership (HELP)**
*University of British Columbia*
440-2206 East Mall Vancouver
BC Canada V6T 1Z3
www.earlylearning.ubc.ca

SCHOOL BOARD OR
LOCAL SPONSORING
AGENCY LETTERHEAD

---

## ਮੁੱਢਲਾ ਬਾਲ ਵਿਕਾਸ ਖੋਜ ਪ੍ਰੋਗਰਾਮ: Early Development Instrument (EDI)
## ਮਾਤਾ/ਪਿਤਾ/ਨਿਗਰਾਨ ਲਈ ਸੂਚਿਤ ਨਿਸ਼ਕ੍ਰਿਆ ਸਹਿਮਤੀ ਪੱਤਰ

**ਮੁੱਖ ਪੜਤਾਲ ਕਰਤਾ:**
ਕਿੰਬਰਲੀ ਏ. ਸ਼ੋਨਰਟ-ਰਾਈਖਲ (Kimberly A. Schonert-Reichl), ਪੀ.ਐਚਡੀ., ਪ੍ਰੋਫੈਸਰ ਅਤੇ ਡਾਇਰੈਕਟਰ, Human Early Learning Partnership (HELP), ਸਕੂਲ ਆਫ ਪਾਪੂਲੇਸ਼ਨ ਐਂਡ ਪਬਲਿਕ ਹੈਲਥ, ਅਤੇ ਫੈਕਲਟੀ ਆਫ ਐਜੂਕੇਸ਼ਨ, University of British Columbia (UBC) (ਟੈਲੀਫੋਨ: 604-822-2215)

**ਸਹਿ-ਪੜਤਾਲਕਰਨਤਾ:**
Human Early Learning Partnership (HELP), ਸਕੂਲ ਆਫ ਪਾਪੂਲੇਸ਼ਨ ਐਂਡ ਪਬਲਿਕ ਹੈਲਥ, UBC
ਬੈਰੀ ਫੋਰਰ (Barry Forer), ਰਿਸਰਚ ਐਸੋਸੀਏਟ (ਟੈਲੀਫੋਨ: 604-827-5782)
ਮਾਰਟਿਨ ਗੁਹਨ (Martin Guhn), ਅਸਿਸਟੈਂਟ ਪ੍ਰੋਫੈਸਰ (ਟੈਲੀਫੋਨ: 604-827-5784)

**ਪ੍ਰੋਜੈਕਟ ਸੰਪਰਕ:**
ਮੇਲਾਨੀ ਹੀਂਟਜ਼ (Melanie Hientz), Early Development Instrument (EDI) ਇੰਪਲੀਮੈਂਟੇਸ਼ਨ ਮੈਨੇਜਰ, HELP, UBC,
(ਟੈਲੀਫੋਨ: 604-827-3512)

---

ਫਰਵਰੀ 2020 ਵਿੱਚ ਤੁਹਾਡੇ ਬੱਚੇ ਦੇ ਐਲੀਮੈਂਟਰੀ ਸਕੂਲ ਦੇ ਕਿੰਡਰਗਾਰਟਨ ਟੀਚਰ ਆਪਣੇ ਹਰ ਵਿਦਿਆਰਥੀ ਲਈ **Early Years Development Instrument (EDI)** ਭਰਨਗੇ। ਇਹ EDI ਇੱਕ ਸਵਾਲਨਾਮਾ ਹੈ ਜਿਸ ਵਿੱਚ ਬੱਚਿਆਂ ਦੇ ਸਮਾਜਕ ਅਤੇ ਭਾਵਨਾਤਮਕ ਵਿਕਾਸ, ਸਿਹਤ ਅਤੇ ਖੈਰੀਅਤ, ਭਾਸ਼ਾ ਅਤੇ ਬੋਧ ਦੇ ਵਿਕਾਸ ਅਤੇ ਗੱਲਬਾਤ ਕਰਨ ਦੀਆਂ ਮੁਹਾਰਤਾਂ ਬਾਰੇ ਸਵਾਲ ਹੁੰਦੇ ਹਨ। EDI ਨੂੰ ਕੈਨੇਡਾ ਵਿੱਚ ਬੱਚਿਆਂ ਦੇ ਵਿਕਾਸ ਵਿੱਚ ਮਾਹਰ ਅਤੇ ਖੋਜ ਕਰਨ ਵਾਲੇ ਲੋਕਾਂ ਨੇ ਤਿਆਰ ਕੀਤਾ ਸੀ ਅਤੇ, ਕਿੰਡਰਗਾਰਟਨ ਦੇ ਟੀਚਰਾਂ ਅਤੇ ਸਕੂਲ ਪ੍ਰਬੰਧਕਾਂ ਦੀ ਮਦਦ ਨਾਲ, ਪਿਛਲੇ 20 ਤੋਂ ਵੱਧ ਸਾਲਾਂ ਦੌਰਾਨ ਇਸ ਦੀ ਵਰਤੋਂ ਕੈਨੇਡਾ ਦੇ ਸਾਰੇ ਸੂਬਿਆਂ ਵਿੱਚ ਕੀਤੀ ਗਈ ਹੈ। BC ਵਿੱਚ 18 ਸਾਲ ਤੋਂ ਵੱਧ ਸਮੇਂ ਤੋਂ ਬਾਲ ਅਤੇ ਪਰਿਵਾਰ ਵਿਕਾਸ ਮੰਤਰਾਲਾ, ਸਿੱਖਿਆ ਮੰਤਰਾਲਾ ਅਤੇ ਸਿਹਤ ਮੰਤਰਾਲਾ EDI ਨੂੰ ਇਕੱਤਰ ਅਤੇ ਵਰਤੋਂ ਕਰਨ ਲਈ ਵਿੱਤੀ ਸਹਾਇਤਾ ਦਿੰਦੇ ਆ ਰਹੇ ਹਨ।

## ਸੰਖੇਪ ਵਿੱਚ

- ਫਰਵਰੀ 2020 ਵਿੱਚ ਤੁਹਾਡੇ ਬੱਚੇ ਦਾ(ਦੀ) ਕਿੰਡਰਗਾਰਟਨ ਟੀਚਰ ਆਪਣੇ ਹਰ ਵਿਦਿਆਰਥੀ ਲਈ EDI ਭਰੇਗਾ(ਗੀ)।
- EDI ਸਵਾਲਨਾਮਾ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਜਨਸੰਖਿਆ ਦੇ ਕਿਸੇ ਪੱਧਰ ਤੇ, ਜਿਵੇਂ ਜਨਗਣਨਾ ਦੇ ਦੌਰਾਨ, ਬੱਚਿਆਂ ਦੇ ਵਿਕਾਸ ਵਿੱਚ ਰੁਝਾਨਾਂ ਨੂੰ ਸਮਝਣ ਵਿੱਚ ਸਾਨੂੰ ਮਦਦ ਮਿਲ ਸਕੇ;
- EDI ਤੁਹਾਡੇ ਬੱਚੇ ਦਾ ਵਿਅਕਤੀਗਤ ਮੁਲਾਂਕਣ ਨਹੀਂ ਹੈ ਅਤੇ ਤੁਹਾਡੇ ਬੱਚੇ ਦੇ EDI ਨਤੀਜਿਆਂ ਨੂੰ ਕਦੇ ਵੀ ਇਕੱਲ੍ਹੇ ਰਿਪੋਰਟ ਨਹੀਂ ਕੀਤਾ ਜਾਏਗਾ, ਬਲਕਿ ਤੁਹਾਡੇ ਬੱਚੇ ਬਾਰੇ EDI ਜਾਣਕਾਰੀ ਨੂੰ ਸਿਰਫ ਦੂਜੇ ਬੱਚਿਆਂ ਦੇ ਨਾਲ ਸੰਖੇਪ ਵਿੱਚ ਸ਼ਾਮਲ ਕੀਤਾ ਜਾਏਗਾ;
- ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ EDI ਖੋਜ ਅਧਿਐਨ ਵਿੱਚ ਹਿੱਸਾ ਲਵੇ ਤਾਂ ਤੁਸੀਂ ਆਪਣੇ ਬੱਚੇ ਦੇ ਟੀਚਰ ਨਾਲ ਜਾਂ Human Early Learning Partnership (HELP) ਵਿਖੇ EDI ਟੀਮ ਨਾਲ ਸੰਪਰਕ ਕਰ ਸਕਦੇ ਹੋ (ਸੰਪਰਕ ਵੇਰਵਾ ਉੱਪਰ ਵੇਖੋ);
- EDI ਸਵਾਲਨਾਮਾ ਅਤੇ ਹੋਰ ਜਾਣਕਾਰੀ ਇੱਥੇ ਉਪਲਬਧ ਹਨ: www.earlylearning.ubc.ca/ediparent.

## ਇਸ ਪ੍ਰੋਜੈਕਟ ਦਾ ਉਦੇਸ਼ ਕੀ ਹੈ – ਇਸ ਨਾਲ ਤੁਹਾਡੇ ਸਕੂਲ ਅਤੇ ਕਮਿਊਨਿਟੀ ਨੂੰ ਕੀ ਲਾਭ ਹੋਵੇਗਾ?

HELP ਦੇ Early Child Development Program of Research (ਮੁੱਢਲਾ ਬਾਲ ਵਿਕਾਸ ਖੋਜ ਅਧਿਐਨ ਪ੍ਰੋਗਰਾਮ) ਦਾ ਉਦੇਸ਼ ਸਕੂਲ ਜਾਣਾ ਸ਼ੁਰੂ ਕਰਨ ਦੇ ਸਮੇਂ ਬੱਚਿਆਂ ਦੇ ਸਮਾਜਕ, ਭਾਵਨਾਤਮਕ, ਬੋਧ ਸਬੰਧੀ ਅਤੇ ਸਰੀਰਕ ਵਿਕਾਸ ਨੂੰ ਬੇਹਤਰ ਤਰੀਕੇ ਨਾਲ ਸਮਝਣਾ ਹੈ। EDI ਤੋਂ ਮਿਲੀ ਜਾਣਕਾਰੀ ਪ੍ਰੋਗਰਾਮਾਂ ਦੀ ਯੋਜਨਾਬੰਦੀ ਅਤੇ ਬੱਚਿਆਂ ਅਤੇ ਮਾਪਿਆਂ ਲਈ ਸੇਵਾਵਾਂ ਨਿਰਧਾਰਤ ਕਰਨ ਵਿੱਚ ਸਿੱਖਿਅਕਾਂ, ਸਕੂਲ ਡਿਸਟ੍ਰਿਕਟਾਂ, ਸਿਹਤ ਪੇਸ਼ੇਵਰਾਂ, ਮੁੱਢਲੇ ਵਰ੍ਹਿਆਂ ਵਿੱਚ ਦੇਖਭਾਲ ਪ੍ਰਦਾਤਿਆਂ ਅਤੇ ਕਮਿਊਨਿਟੀ ਮੈਂਬਰਾਂ ਲਈ ਬਹੁਤ ਮਹੱਤਵਪੂਰਨ ਸਿੱਧ ਹੋਈ ਹੈ। ਜਨਤਕ ਸੰਸਥਾਵਾਂ, ਸਕੂਲ ਡਿਸਟ੍ਰਿਕਟਾਂ ਸਮੇਤ, EDI ਜਾਣਕਾਰੀ (ਡੈਟਾ) ਦੀ ਵਰਤੋਂ ਆਪਣੇ ਸਕੂਲ ਡਿਸਟ੍ਰਿਕਟਾਂ ਦੀ ਯੋਜਨਾਬੰਦੀ ਲਈ ਕਰ ਰਹੀਆਂ ਹਨ। ਸਕੂਲ ਅਤੇ ਕਮਿਊਨਿਟੀਆਂ EDI ਜਾਣਕਾਰੀ ਦੀ ਵਰਤੋਂ ਵਿਕਾਸ ਦੇ ਮੁੱਖ ਖੇਤਰਾਂ ਵਿੱਚ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਸਮਝਣ ਅਤੇ ਲੋੜੀਂਦੀ ਦਖਲਅੰਦਾਜ਼ੀ ਦੀ ਯੋਜਨਾਬੰਦੀ ਲਈ ਕਰ ਰਹੇ ਹਨ। EDI ਤੋਂ ਮਿਲੀ ਜਾਣਕਾਰੀ ਨਾਲ ਸੂਬਾਈ ਨਿਵੇਸ਼, ਨੀਤੀ ਵਿਕਾਸ ਅਤੇ ਪ੍ਰੋਗਰਾਮਾਂ ਦੀ ਯੋਜਨਾਬੰਦੀ ਅਤੇ ਮੁਲਾਂਕਣ ਵਿੱਚ ਵੀ ਮਦਦ ਮਿਲਦੀ ਹੈ।

EDI ਡੈਟਾ ਦੀ ਵਰਤੋਂ ਨਾਲ ਕੀਤੇ ਗਏ ਖੋਜ ਅਧਿਐਨ ਦਰਸਾਉਂਦੇ ਹਨ ਕਿ ਨੇਬਰਹੁਡਾਂ ਵਿਚਕਾਰ ਕਾਫੀ ਅੰਤਰ ਹਨ। ਕਈ ਨੇਬਰਹੁਡਾਂ ਵਿੱਚ ਅਜਿਹੇ ਬੱਚਿਆਂ ਦਾ ਪ੍ਰਤੀਸ਼ਤ ਕਾਫੀ ਉੱਚਾ ਹੁੰਦਾ ਹੈ ਜੋ ਸਮਾਜਕ, ਭਾਵਨਾਤਮਕ, ਬੋਧਿਕ ਅਤੇ ਸਰੀਰਕ ਤੌਰ 'ਤੇ ਸਿਹਤਮੰਦ ਹਨ ਅਤੇ ਸਕੂਲ ਦੇ ਲਈ ਤਿਆਰ ਹਨ, ਜਦ ਕਿ ਕਈ ਦੂਜੀਆਂ ਨੇਬਰਹੁਡਾਂ ਵਿੱਚ ਸਿਹਤਮੰਦ ਅਤੇ ਸਕੂਲ ਲਈ ਤਿਆਰ ਬੱਚਿਆਂ ਦਾ ਪ੍ਰਤੀਸ਼ਤ ਕਾਫੀ ਘੱਟ ਹੁੰਦਾ ਹੈ। ਇਸ ਤਰ੍ਹਾਂ EDI ਡੈਟਾ ਦੀ ਮਦਦ ਨਾਲ ਅਸੀਂ ਡੂੰਘਾਈ ਤੱਕ ਦੇਖ ਸਕਦੇ ਹਾਂ ਕਿ ਕਿੰਡਰਗਾਰਟਨ ਦੇ ਬੱਚਿਆਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ ਅਤੇ ਪੂਰੇ ਸੂਬੇ ਦੇ ਨੇਬਰਹੁਡਾਂ ਵਿੱਚ ਬੱਚਿਆਂ ਦੇ ਮੁੱਢਲੇ ਵਿਕਾਸ 'ਤੇ ਅਸਰ ਪਾਉਣ ਵਾਲੇ ਕਾਰਕਾਂ ਬਾਰੇ ਵਿਚਾਰ-ਵਟਾਂਦਰੇ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਾਂ। EDI ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਉਹਨਾਂ ਤਰੀਕਿਆਂ ਬਾਰੇ ਜਾਗਰੂਕਤਾ ਵਧਾਉਣ ਲਈ ਵੀ ਕੀਤੀ ਜਾਂਦੀ ਹੈ ਜਿਨ੍ਹਾਂ ਰਾਹੀਂ ਅਸੀਂ ਅਜਿਹੇ ਮਾਹੌਲ ਪੈਦਾ ਕਰ ਸਕਦੇ ਹਾਂ ਜਿੰਨ੍ਹਾਂ ਵਿੱਚ ਬੱਚੇ ਚੰਗੀ ਤਰ੍ਹਾਂ ਵਧ-ਫੁਲ ਸਕਦੇ ਹਨ ਅਤੇ ਵਿਕਸਤ ਹੋ ਸਕਦੇ ਹਨ।

### ਹਿੱਸਾ ਲੈਣਾ ਤੁਹਾਡੀ ਆਪਣੀ ਮਰਜ਼ੀ 'ਤੇ ਨਿਰਭਰ ਕਰਦਾ ਹੈ

ਆਪਣੇ ਬੱਚੇ ਲਈ EDI ਸਵਾਲਨਾਮਾ ਭਰਵਾਉਣਾ ਕਿਸੇ ਵੀ ਤਰੀਕੇ ਨਾਲ ਲਾਜ਼ਮੀ ਨਹੀਂ ਹੈ। ਆਪਣੇ ਬੱਚੇ ਦੇ(ਦੀ) ਟੀਚਰ ਨੂੰ ਜਾਂ HELP (edi@help.ubc.ca) ਵਿਖੇ EDI ਟੀਮ ਨੂੰ ਸੂਚਨਾ ਦੇ ਕੇ ਤੁਸੀਂ ਆਪਣੇ ਬੱਚੇ ਨੂੰ ਇਸ ਪ੍ਰੋਜੈਕਟ 'ਚੋਂ ਕੱਢ ਸਕਦੇ ਹੋ। ਇਸ ਚਿੱਠੀ ਦੀ ਸਮੀਖਿਆ ਕਰਨ ਅਤੇ ਇਹ ਫੈਸਲਾ ਕਰਨ ਲਈ ਕਿ ਤੁਸੀਂ ਆਪਣੇ ਬੱਚੇ ਨੂੰ EDI ਸਵਾਲਨਾਮਾ ਉਸਦੇ ਟੀਚਰ ਦੁਆਰਾ ਭਰੇ ਜਾਣ ਤੋਂ ਪਹਿਲਾਂ ਬਾਹਰ ਕੱਢਣਾ ਚਾਹੁੰਦੇ ਹੋ ਜਾਂ ਨਹੀਂ, ਤੁਹਾਡੇ ਕੋਲ ਘੱਟੋ-ਘੱਟ ਚਾਰ ਹਫਤੇ ਦਾ ਸਮਾਂ ਹੋਵੇਗਾ। ਇਸ ਸੂਚਿਤ ਨਿਸ਼ਕ੍ਰਿਆ ਸਹਿਮਤੀ ਪੱਤਰ ਦੇ ਆਖਰੀ ਸਫੇ ਤੇ ਬੱਚੇ ਨੂੰ ਬਾਹਰ ਕੱਢਣ ਬਾਰੇ ਪਰਚੀ (withdrawal slip) ਹੈ। ਤੁਸੀਂ ਇਹ ਮੰਗ ਵੀ ਕਰ ਸਕਦੇ ਹੋ ਕਿ ਤੁਹਾਡੇ ਬੱਚੇ ਦੇ ਬਾਰੇ ਉਸ ਦੇ(ਦੀ) ਟੀਚਰ ਦੁਆਰਾ ਭਰਿਆ ਗਿਆ ਸਵਾਲਨਾਮਾ ਨਸ਼ਟ ਕਰ ਦਿੱਤਾ ਜਾਏ, ਜਿਸਦੇ ਲਈ ਤੁਸੀਂ ਆਪਣੇ ਬੱਚੇ ਦੇ(ਦੀ) ਟੀਚਰ ਨੂੰ ਇਹ ਦੱਸ ਸਕਦੇ ਹੋ ਜਾਂ HELP (edi@help.ubc.ca) ਵਿਖੇ EDI ਟੀਮ ਨਾਲ ਸੰਪਰਕ ਕਰ ਸਕਦੇ ਹੋ। EDI ਵਿੱਚ ਹਿੱਸਾ ਲੈਣ ਜਾਂ ਨਾ ਲੈਣ ਦਾ ਤੁਹਾਡੇ ਬੱਚੇ ਦੇ ਗਰੇਡਾਂ ਜਾਂ ਤੁਹਾਡੇ ਪਰਿਵਾਰ ਨੂੰ ਸਕੂਲ ਵੱਲੋਂ ਜਾਂ ਸਕੂਲ ਡਿਸਟ੍ਰਿਕਟ ਵੱਲੋਂ ਮਿਲਣ ਵਾਲੀਆਂ ਸੇਵਾਵਾਂ ਉੱਪਰ ਕੋਈ ਅਸਰ ਨਹੀਂ ਪਵੇਗਾ। EDI ਖੋਜ ਅਧਿਐਨ ਪ੍ਰੋਗਰਾਮ ਨੂੰ ਸੂਚਿਤ ਨਿਸ਼ਕ੍ਰਿਆ ਸਹਿਮਤੀ ਲਈ ਇਜਾਜ਼ਤ ਮਿਲੀ ਹੋਈ ਹੈ। ਜੇ ਤੁਸੀਂ ਆਪਣੇ ਬੱਚੇ ਨੂੰ ਬਾਹਰ ਨਹੀਂ ਕੱਢਦੇ ਤਾਂ ਤੁਹਾਡੇ ਬੱਚੇ ਦੇ EDI ਸਵਾਲਨਾਮੇ ਵਾਲੇ ਡੈਟਾ ਨੂੰ EDI ਦੀਆਂ ਰਿਪੋਰਟਾਂ ਅਤੇ ਖੋਜ ਅਧਿਐਨ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਜਾਏਗਾ।

### ਕੀ ਹੋਵੇਗਾ?

EDI ਸਵਾਲਨਾਮੇ ਭਰਨ ਤੋਂ ਪਹਿਲਾਂ ਟੀਚਰਾਂ ਨੂੰ ਸਿਖਾਇਆ ਜਾਏਗਾ ਕਿ EDI ਨੂੰ ਕਿਵੇਂ ਭਰਨਾ ਹੈ। EDI ਸਵਾਲਨਾਮਾ ਇਲੈਕਟ੍ਰਾਨਿਕ ਫਾਰਮੈਟ ਵਿੱਚ (ਵੈੱਬ-ਅਧਾਰਤ) ਹੈ ਜਿਸਨੂੰ ਕਿੰਡਰਗਾਰਟਨ ਟੀਚਰ ਆਪਣੀ ਕਲਾਸ ਦੇ ਹਰ ਵਿਦਿਆਰਥੀ ਲਈ ਔਨਲਾਈਨ ਭਰਨਗੇ। e-EDI ਸਿਸਟਮ ਇੱਕ HELP ਸਰਵਰ 'ਤੇ ਕੰਮ ਕਰਦਾ ਹੈ ਜਿਸ ਨੂੰ UBC IT ਦੁਆਰਾ ਹੋਸਟ ਕੀਤਾ ਜਾਂਦਾ ਹੈ ਅਤੇ ਜੋ UBC ਵਿਖੇ ਸਥਿਤ ਹੈ। e-EDI ਲਈ ਟੀਚਰ ਵਿਕਾਸ ਦੇ ਪੰਜ ਖੇਤਰਾਂ ਬਾਰੇ ਸਵਾਲਾਂ ਦੇ ਜਵਾਬ ਦਿੰਦੇ ਹਨ: 1) ਸਰੀਰਕ ਸਿਹਤ ਅਤੇ ਖੈਰੀਅਤ; 2) ਸਮਾਜਕ ਯੋਗਤਾ; 3) ਭਾਵਨਾਤਮਕ ਪੁਖਤਗੀ; 4) ਭਾਸ਼ਾ ਅਤੇ ਬੋਧਕ ਵਿਕਾਸ; ਅਤੇ 5) ਆਮ ਗਿਆਨ ਅਤੇ ਗੱਲਬਾਤ ਵਿੱਚ ਕੁਸ਼ਲਤਾ। EDI ਸਵਾਲਨਾਮਾ ਭਰਨ ਵਿੱਚ ਵਿਦਿਆਰਥੀ ਸਿੱਧੇ ਤੌਰ 'ਤੇ ਕਦੇ ਹਿੱਸਾ ਨਹੀਂ ਲੈਂਦੇ।

### ਮੇਰੇ ਬੱਚੇ ਦੇ ਡੈਟਾ ਨੂੰ ਕਿਵੇਂ ਸੁਰੱਖਿਅਤ ਅਤੇ ਸਟੋਰ ਕੀਤਾ ਅਤੇ ਵਰਤਿਆ ਜਾਂਦਾ ਹੈ?

ਟੀਚਰ ਵੱਲੋਂ ਦਿੱਤੇ ਗਏ EDI ਦੇ ਸਵਾਲਾਂ ਦੇ ਜਵਾਬ **ਨਿਜੀ ਅਤੇ ਗੁਪਤ** ਹਨ। EDI ਸਵਾਲਨਾਮੇ ਵਿਚੋਂ ਕੋਈ ਵੀ ਜਾਣਕਾਰੀ ਤੁਹਾਡੇ ਬੱਚੇ ਦੇ ਸਕੂਲ ਰਿਕਾਰਡ ਵਿੱਚ ਜੋੜੀ ਨਹੀਂ ਜਾਂਦੀ। ਜੇ EDI ਡੈਟਾ ਦੀ ਵਰਤੋਂ ਖੋਜ ਸਬੰਧੀ ਪ੍ਰਕਾਸ਼ਨਾਂ ਜਾਂ ਸਰਬਜਨਕ ਦਸਤਾਵੇਜ਼ਾਂ ਲਈ ਕੀਤੀ ਜਾਂਦੀ ਹੈ ਤਾਂ ਤੁਹਾਡੇ ਬੱਚੇ ਦੀ ਜਾਂ ਤੁਹਾਡੇ ਬੱਚੇ ਦੇ ਸਕੂਲ ਦੀ ਕਦੇ ਵੀ ਪਛਾਣ ਨਹੀਂ ਕੀਤੀ ਜਾਂਦੀ।

EDI ਸਵਾਲਨਾਮਿਆਂ ਨੂੰ ਸਹੀ ਤਰੀਕੇ ਨਾਲ ਭਰਨ ਵਿੱਚ ਮਦਦ ਕਰਨ ਲਈ, ਤੁਹਾਡਾ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਸਬੰਧਤ ਜਾਣਕਾਰੀ HELP/UBC ਨੂੰ ਦਿੰਦਾ ਹੈ ਜਿਸ ਵਿੱਚ ਤੁਹਾਡੇ ਬੱਚੇ ਦਾ ਨਾਂ, Personal Education Number (PEN), ਜਨਮ ਮਿਤੀ, ਲਿੰਗ ਅਤੇ ਡਾਕ ਕੋਡ ਸ਼ਾਮਿਲ ਹੁੰਦੇ ਹਨ। ਤੁਹਾਡੇ ਬੱਚੇ ਦਾ ਨਾਂ ਸਿਰਫ ਇਸ ਲਈ ਵਰਤਿਆ ਜਾਂਦਾ ਹੈ ਤਾਂ ਜੋ ਤੁਹਾਡਾ ਟੀਚਰ ਇਸ ਸਵਾਲਨਾਮੇ ਨੂੰ ਭਰ ਸਕੇ। EDI ਸਵਾਲਨਾਮਾ ਭਰੇ ਜਾਣ ਦੇ ਬਾਅਦ ਤੁਹਾਡੇ ਬੱਚੇ ਦਾ ਨਾਂ EDI ਡੈਟਾ ਵਿਚੋਂ ਹਟਾ ਦਿੱਤਾ ਜਾਂਦਾ ਹੈ। ਤੁਹਾਡੇ ਬੱਚੇ ਦੀ ਨਿੱਜਤਾ ਨੂੰ ਸੁਰੱਖਿਅਤ ਰੱਖਣ ਲਈ ਉਸਦੀ ਨਿਜੀ ਜਾਣਕਾਰੀ, ਜਿਵੇਂ ਉਸਦਾ PEN, ਜਨਮ ਮਿਤੀ ਅਤੇ ਡਾਕ ਕੋਡ ਨੂੰ EDI ਸਵਾਲਨਾਮੇ ਵਿੱਚ ਦਿੱਤੇ ਗਏ ਟੀਚਰ ਦੇ ਜਵਾਬਾਂ ਤੋਂ ਵੱਖ ਸਟੋਰ ਕੀਤਾ ਜਾਂਦਾ ਹੈ। EDI ਡੈਟਾ ਨੂੰ ਸੁਰੱਖਿਅਤ ਰੱਖਣ ਲਈ HELP ਜ਼ਿੰਮੇਵਾਰ ਹੈ ਅਤੇ ਸਾਰਾ EDI ਡੈਟਾ UBC ਵਿਖੇ ਇੱਕ ਸੁਰੱਖਿਅਤ ਖੋਜ ਅਧਿਐਨ ਵਾਤਾਵਰਨ ਵਿੱਚ ਰੱਖਿਆ ਜਾਂਦਾ ਹੈ। ਇਸ ਬਾਰੇ ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ: http://earlylearning.ubc.ca/safeguarding-personal-information/

HELP ਵਿਖੇ ਰੱਖੇ ਗਏ EDI ਡੈਟਾ ਦੀ ਵਰਤੋਂ ਸਿਰਫ ਮਨਜ਼ੂਰਸ਼ੁਦਾ ਖੋਜ ਅਧਿਐਨ ਪ੍ਰੋਜੈਕਟਾਂ ਲਈ **ਫੈਡਰਲ ਅਤੇ ਸੂਬਾਈ/ਇਲਾਕਾਈ ਨਿਜਤਾ ਕਾਨੂੰਨਾਂ ਹੇਠ** ਕੀਤੀ ਜਾ ਸਕਦੀ ਹੈ। EDI ਡੈਟਾ ਦੀ ਖੋਜ ਅਧਿਐਨ ਜਾਂ ਅੰਕੜਿਆਂ ਦੇ ਉਦੇਸ਼ਾਂ ਲਈ ਵਰਤੋਂ ਵਾਸਤੇ ਮਨਜ਼ੂਰੀ ਪ੍ਰਾਪਤ ਕਰਨ ਵਾਲੇ ਖੋਜ ਕਰਤਾਵਾਂ ਨੂੰ ਅਜਿਹਾ ਡੈਟਾ ਦਿੱਤਾ ਜਾਂਦਾ ਹੈ ਜਿਸਨੂੰ ਕਿਸੇ ਖਾਸ ਵਿਦਿਆਰਥੀ ਨਾਲ ਨਹੀਂ ਜੋੜਿਆ ਜਾ ਸਕਦਾ (ਵਿਅਕਤੀਗਤ EDI ਰਿਕਾਰਡਾਂ ਨੂੰ ਗੈਰ-ਵਿਅਕਤੀਗਤ ਬਣਾਇਆ ਜਾਂਦਾ ਹੈ)। ਬੱਚਿਆਂ ਦੀ ਖੈਰੀਅਤ, ਸਿਹਤ ਅਤੇ ਸਕੂਲ ਵਿੱਚ ਕਾਮਯਾਬੀ ਉੱਪਰ ਅਸਰ ਪਾਣ ਵਾਲੇ ਕਾਰਕਾਂ ਦਾ ਪਤਾ ਲਾਉਣ ਲਈ EDI ਸਵਾਲਨਾਮੇ ਦੀ ਵਰਤੋਂ ਕਰਕੇ ਇਕੱਠੇ ਕੀਤੇ ਗਏ ਡੈਟਾ ਨੂੰ ਵਿਅਕਤੀਗਤ ਪੱਧਰ 'ਤੇ ਦੂਜੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ। ਉਦਾਹਰਣ ਦੇ ਲਈ, ਕਿੰਡਰਗਾਰਟਨ ਦੇ ਬੱਚਿਆਂ ਦੇ ਸਮਾਜਕ, ਭਾਵਨਾਤਮਕ, ਬੋਧਿਕ ਅਤੇ ਸਰੀਰਕ ਵਿਕਾਸ ਅਤੇ ਖੈਰੀਅਤ ਦੇ ਨਾਲ ਹਾਈ ਸਕੂਲ ਵਿੱਚ ਕਾਮਯਾਬੀ ਦੀ ਪ੍ਰਾਪਤੀ ਦੇ ਸਬੰਧਾਂ ਨੂੰ ਦਰਸਾਉਣ ਦੇ ਲਈ EDI ਡੈਟਾ ਨੂੰ ਸਿੱਖਿਆ ਦੇ ਡੈਟਾ ਨਾਲ ਜੋੜਿਆ ਜਾ ਸਕਦਾ ਹੈ। ਫੇਰ ਇਸ ਖੋਜ ਦੀ ਵਰਤੋਂ BC ਵਿੱਚ ਹਾਈ ਸਕੂਲ ਵਿਦਿਆਰਥੀਆਂ ਦੀ ਉੱਚੇ ਦਰਜੇ ਦੀ ਕਾਮਯਾਬੀ ਨੂੰ ਵਧਾਵਾ ਦੇਣ ਦੇ ਉਦੇਸ਼ ਨਾਲ ਸਕੂਲ ਵੱਲੋਂ ਯੋਜਨਾਬੰਦੀ ਅਤੇ ਦਖਲਅੰਦਾਜ਼ੀ ਲਈ ਕੀਤੀ ਜਾ ਸਕਦੀ ਹੈ। ਜੁੜੇ ਹੋਏ ਡੈਟਾ ਦੀ **ਵਰਤੋਂ *ਸਿਰਫ* HELP ਵੱਲੋਂ ਮਨਜ਼ੂਰਸ਼ੁਦਾ ਖੋਜਕਰਤਾਵਾਂ ਦੁਆਰਾ, ਇੱਕ ਮਨਜ਼ੂਰਸ਼ੁਦਾ ਖੋਜ ਅਧਿਐਨ ਇਕਰਾਰਨਾਮੇ ਹੇਠ, ਖੋਜ ਅਧਿਐਨ ਜਾਂ ਅੰਕੜਿਆਂ ਦੇ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ।**

EDI ਦੇ ਇੱਕ ਲਾਈਸੈਂਸ ਧਾਰਕ ਵਜੋਂ ਮੈਕਮਾਸਟਰ ਯੂਨੀਵਰਸਿਟੀ ਦੇ ਔਫੋਰਡ ਬਾਲ ਅਧਿਐਨ ਕੇਂਦਰ ਨੂੰ HELP ਦੇ ਵਿਅਕਤੀਗਤ ਪੱਧਰ ਦੇ EDI ਡੈਟਾ ਦੀ ਕਾਪੀ ਮਿਲਦੀ ਹੈ ਜੋ ਕਿ EDI ਦੇ ਪ੍ਰਬੰਧਨ ਦੇ ਸਾਰੇ ਨਿਆਂ ਖੇਤਰਾਂ ਲਈ ਇੱਕ ਕੂਟਨੀਤਕ ਸ਼ਿਸ਼ਟਾਚਾਰ ਹੈ। ਔਫੋਰਡ ਸੈਂਟਰ ਨੂੰ ਭੇਜੇ ਗਏ ਡੈਟਾ ਵਿੱਚ ਵਿਦਿਆਰਥੀਆਂ ਦੇ ਨਾਂ, Personal Education Number, ਜਾਂ ਜਨਮ ਮਿਤੀ ਸ਼ਾਮਿਲ ਨਹੀਂ ਹੁੰਦੇ ਹਨ। ਡਾਕ ਕੋਡ, ਲਿੰਗ ਅਤੇ ਜਨਮ ਦਾ ਮਹੀਨਾ (ਮਿਤੀ ਜਾਂ ਸਾਲ ਨਹੀਂ) ਨੂੰ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਜੋ ਨੇਬਰਹੁਡਾਂ ਦੇ ਬਾਰੇ ਮਨਜ਼ੂਰਸ਼ੁਦਾ ਕੌਮੀ ਖੋਜ ਅਧਿਐਨ ਕੀਤੇ ਜਾ ਸਕਣ। ਇਸ ਪਰਿਵਰਤਨਸ਼ੀਲ ਡੈਟਾ ਨੂੰ EDI ਡੈਟਾ ਤੋਂ ਵੱਖ ਰੱਖਿਆ ਜਾਂਦਾ ਹੈ।

HELP ਵਿਅਕਤੀਗਤ ਪੱਧਰ ਦੇ EDI ਪਰਿਣਾਮਾਂ (ਡੈਟਾ) ਨੂੰ, ਬਾਲ ਅਤੇ ਪਰਿਵਾਰ ਵਿਕਾਸ, ਸਿੱਖਿਆ ਅਤੇ ਸਿਹਤ ਮੰਤਰਾਲਿਆਂ ਨੂੰ, ਪ੍ਰੋਗਰਾਮ ਮੁਲਾਂਕਣ ਅਤੇ ਯੋਜਨਾਬੰਦੀ ਦੇ ਵਿਸ਼ੇਸ਼ ਉਦੇਸ਼ਾਂ ਲਈ, ਮੁਹੱਈਆ ਕੀਤਾ ਜਾਂਦਾ ਹੈ। ਮੰਤਰਾਲਿਆਂ ਨੂੰ ਵਿਅਕਤੀਗਤ ਪੱਧਰ ਦੇ ਮੁਲਾਂਕਣ ਕਰਨ ਜਾਂ ਤੁਹਾਡੇ ਬੱਚੇ ਦੇ ਬਾਰੇ ਫੈਸਲੇ ਕਰਨ ਲਈ ਇਸ ਡੈਟਾ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ।

## EDI ਰਿਪੋਰਟਾਂ

HELP ਦੀਆਂ EDI ਰਿਪੋਰਟਾਂ ਤੁਹਾਡੇ ਬੱਚੇ ਦੇ ਸਕੂਲ ਅਤੇ ਕਮਿਊਨਿਟੀ ਦੇ ਵਿਦਿਆਰਥੀਆਂ ਦੇ EDI ਨਤੀਜਿਆਂ ਨੂੰ ਇਕੱਠਾ ਕਰਦੀਆਂ ਹਨ। EDI ਰਿਪੋਰਟਾਂ ਵੱਖ ਵੱਖ ਸਕੂਲਾਂ ਅਤੇ ਸਕੂਲ ਡਿਸਟ੍ਰਿਕਟਾਂ, ਨੇਬਰਹੁਡਾਂ ਅਤੇ ਸਮੁੱਚੇ ਤੌਰ ‘ਤੇ ਪੂਰੇ ਸੂਬੇ ਦੇ ਲਈ ਤਿਆਰ ਕੀਤੀਆਂ ਜਾਂਦੀਆਂ ਹਨ। ਸਕੂਲ ਰਿਪੋਰਟਾਂ ਸਿੱਧਾ ਸਕੂਲ ਡਿਸਟ੍ਰਿਕਟਾਂ ਅਤੇ ਸਕੂਲਾਂ ਨੂੰ ਮੁਹੱਈਆ ਕੀਤੀ ਜਾਂਦੀਆਂ ਹਨ ਅਤੇ ਕਦੇ ਵੀ ਉਹਨਾਂ ਨੂੰ ਜਨਤਕ ਨਹੀਂ ਕੀਤਾ ਜਾਂਦਾ। EDI ਡੈਟਾ ਦੀ ਵਰਤੋਂ ਸਕੂਲਾਂ, ਵਿਦਿਆਰਥੀਆਂ ਜਾਂ ਕਲਾਸਾਂ ਦੀ ਕਿਸੇ ਵੀ ਤਰ੍ਹਾਂ ਦੀ ਦਰਜੇਬੰਦੀ ਲਈ ਨਹੀਂ ਕੀਤੀ ਜਾਂਦੀ। ਨੀਤੀਆਂ, ਪ੍ਰੋਗਰਾਮਾਂ ਅਤੇ ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ ਨੂੰ ਬਿਹਤਰ ਬਣਾਉਣ ਸਬੰਧੀ ਫੈਸਲੇ ਲੈਣ ਵਿੱਚ ਮਦਦ ਕਰਨ ਲਈ HELP ਡੈਟਾ ਦੀਆਂ ਕਮਿਊਨਿਟੀ ਰਿਪੋਰਟਾਂ ਅਤੇ ਨੇਬਰਹੁਡ ਨਕਸ਼ੇ ਪ੍ਰਕਾਸ਼ਿਤ ਕਰਦੀ ਹੈ। ਇਹ ਰਿਪੋਰਟਾਂ ਅਤੇ ਨਕਸ਼ੇ ਇੱਥੇ ਮਿਲ ਸਕਦੇ ਹਨ: http://earlylearning.ubc.ca/maps/edi/.

HELP ਦੀ ਆਦਿਵਾਸੀ ਸਟੀਅਰਿੰਗ ਕਮੇਟੀ ਨੇ ਆਦਿਵਾਸੀ ਬੱਚਿਆਂ ਦੇ ਡੈਟਾ ਦੀ ਰਿਪੋਰਟਿੰਗ ਬਾਰੇ ਇੱਕ ਪ੍ਰੋਟੋਕੋਲ ਤਿਆਰ ਕੀਤਾ ਹੈ। ਇਹ ਪ੍ਰੋਟੋਕੋਲ ਸੁਨਿਸ਼ਚਿਤ ਕਰਦਾ ਹੈ ਕਿ ਡੈਟਾ ਦੀ ਵਰਤੋਂ ਆਦਿਵਾਸੀ ਸਵੈ-ਨਿਰਧਾਰਣ ਦੇ ਸਮਰਥਨ ਲਈ ਕੀਤੀ ਜਾਏ ਤਾਂ ਜੋ ਆਦਿਵਾਸੀ ਬੱਚਿਆਂ ਲਈ ਵਿਕਾਸਾਤਮਕ ਪਰਿਣਾਮਾਂ ਨੂੰ ਬਿਹਤਰ ਬਣਾਇਆ ਜਾ ਸਕੇ। HELP ਕਦੇ ਵੀ ਆਦਿਵਾਸੀ ਬੱਚਿਆਂ ਸਬੰਧੀ EDI ਡੈਟਾ ਦੀ ਜਨਤਕ ਰਿਪੋਰਟਿੰਗ ਨਹੀਂ ਕਰਦੀ ਅਤੇ ਨਾ ਹੀ ਇਸ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ ਜਾਉ: http://earlylearning.ubc.ca/edi/aboriginal-EDI/.

## ਪ੍ਰੋਜੈਕਟ ਦੇ ਬਾਰੇ ਹੋਰ ਜਾਣਕਾਰੀ ਮੈਨੂੰ ਕਿਥੇ ਮਿਲ ਸਕਦੀ ਹੈ?

ਹੋਰ ਜਾਣਕਾਰੀ ਲਈ ਕਿਰਪਾ ਕਰਕੇ HELP ਦੀ ਵੈਬਸਾਈਟ www.earlylearning.ubc.ca/edi. ‘ਤੇ ਜਾਓ। ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਪ੍ਰੋਜੈਕਟ ਸੰਪਰਕ ਵਿਅਕਤੀ *ਮੇਲਾਨੀ ਹੀਂਟਸ* ਨਾਲ edi@help.ubc.ca ਦੇ ਪਤੇ ‘ਤੇ ਈਮੇਲ ਰਾਹੀਂ ਜਾਂ 604-827-3512 ਨੰਬਰ ‘ਤੇ ਟੈਲੀਫੋਨ ਰਾਹੀਂ ਸੰਪਰਕ ਕਰੋ।

ਜੇ ਖੋਜ ਅਧਿਐਨ ਵਿੱਚ ਇੱਕ ਭਾਗੀਦਾਰ ਵਜੋਂ ਤੁਹਾਡੇ ਬੱਚੇ ਦੇ ਹੱਕਾਂ ਬਾਰੇ ਤੁਹਾਨੂੰ ਕੋਈ ਚਿੰਤਾਵਾਂ ਜਾਂ ਸ਼ਿਕਾਇਤਾਂ ਹਨ, ਤਾਂ ਕਿਰਪਾ ਕਰਕੇ University of British Columbia ਦੇ UBC ਖੋਜ ਅਧਿਐਨ ਨੈਤਿਕਤਾ ਦਫਤਰ ਵਿਖੇ *ਖੋਜ-ਅਧਿਐਨ ਭਾਗੀਦਾਰ ਸ਼ਿਕਾਇਤ ਲਾਈਨ* ਨੂੰ 604-822-8598 ਨੰਬਰ ‘ਤੇ ਕਾਲ ਕਰੋ, ਜਾਂ ਜੇ ਦੂਰੀ ਲੰਬੀ ਹੈ, RSIL@ors.ubc.ca ਦੇ ਪਤੇ ‘ਤੇ ਈਮੇਲ ਭੇਜੋ ਜਾਂ 1-877-822-8598 ‘ਤੇ ਟੋਲ-ਫ੍ਰੀ ਕਾਲ ਕਰੋ। ਤੁਸੀਂ ਮੁੱਖ ਪੜਤਾਲ ਕਰਤਾ ਨਾਲ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਪਤੇ ‘ਤੇ ਵੀ ਸੰਪਰਕ ਕਰ ਸਕਦੇ ਹੋ।

ਤੁਹਾਡੀ ਸ਼ੁਭਚਿੰਤਕ,


______________________________
Name, ਸਕੂਲ ਬੋਰਡ EDI ਸੰਪਰਕ ਵਿਅਕਤੀ
Title within School Board
ਟੈਲੀਫੋਨ: # ਈਮੇਲ:--------------------

Kim Schonert-Reichl
ਪ੍ਰੋਫੈਸਰ ਕਿੰਬਰਲੀ ਏ. ਸ਼ੋਨਰਟ-ਰਾਈਖ਼ਲ (Kimberly A. Schonert-Reichl), Ph.D.
ਡਾਇਰੈਕਟਰ, Human Early Learning Partnership
University of British Columbia
ਟੈਲੀਫੋਨ: 604-822-2215

✂------------------------------------------------------------✂------------------------------------------------------------✂

**ਜੇ ਤੁਸੀਂ ਆਪਣੇ ਬੱਚੇ ਦਾ ਡੈਟਾ ਵਾਪਸ ਲੈਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਭਾਗ 'ਤੇ ਦਸਤਖਤ ਕਰੋ ਅਤੇ ਇਸ ਭਾਗ ਨੂੰ ਆਪਣੇ ਬੱਚੇ ਦੇ ਟੀਚਰ ਨੂੰ ਦੇ ਦਿਓ।**

ਜੇ ਤੁਸੀਂ **ਨਹੀਂ** ਚਾਹੁੰਦੇ ਕਿ ਤੁਹਾਡਾ ਬੱਚਾ ਹਿੱਸਾ ਲਵੇ ਤਾਂ ਕਿਰਪਾ ਕਰਕੇ ਇਸ ਫਾਰਮ ਨੂੰ ਕਲਾਸਰੂਮ ਟੀਚਰ ਕੋਲ [ DATE ] ਤਕ ਪਹੁੰਚਾ ਦਿਓ।

☐ ਮੈਂ ਇਸ ਗੱਲ ਲਈ ਸਹਿਮਤ **ਨਹੀਂ** ਹਾਂ ਕਿ ਮੇਰਾ ਬੱਚਾ [NAME] ________________________________ ਫਰਵਰੀ ਵਿੱਚ ਹੋਣ ਵਾਲੇ Early Development Instrument (EDI) ਸਵਾਲਨਾਮੇ ਵਿੱਚ ਹਿੱਸਾ ਲਵੇ।

ਮਾਤਾ/ਪਿਤਾ/ਨਿਗਰਾਨ ਦਾ ਨਾਂ: __________________________ ਮਿਤੀ: _______________________

ਸਕੂਲ: ________________________________________ ਟੀਚਰ: _______________________